NYC
HEALTH+
HOSPITALS

# ਸਰਪ੍ਰਾਈਜ਼ ਮੈਡੀਕਲ ਬਿੱਲਾਂ ਦੇ ਖਿਲਾਫ ਤੁਹਾਡੇ ਅਧਿਕਾਰ ਅਤੇ ਸੁਰੱਖਿਆ ਪ੍ਰਾਵਧਾਨ

ਜਦੋਂ ਤੁਸੀਂ ਐਮਰਜੈਂਸੀ ਦੇਖਭਾਲ ਪ੍ਰਾਪਤ ਕਰਦੇ ਹੋ ਜਾਂ ਕਿਸੇ ਨੈੱਟਵਰਕ-ਤੋਂ-ਬਾਹਰੀ ਪ੍ਰਦਾਤਾ ਦੁਆਰਾ ਕਿਸੇ ਨੈੱਟਵਰਕ-ਵਿਚਲੇ ਹਸਪਤਾਲ ਜਾਂ ਐਂਬੂਲੇਟਰੀ ਸਰਜਿਕਲ ਸੈਂਟਰ ਵਿਖੇ ਇਲਾਜ ਕੀਤਾ ਜਾਂਦਾ ਹੈ, ਤਾਂ ਤੁਸੀਂ ਬੈਲੰਸ ਬਿਲਿੰਗ ਤੋਂ ਸੁਰੱਖਿਅਤ ਹੁੰਦੇ ਹੋ। ਇਹਨਾਂ ਮਾਮਲਿਆਂ ਵਿੱਚ, ਤੁਹਾਡੇ ਤੋਂ ਤੁਹਾਡੀ ਯੋਜਨਾ ਦੇ ਸਹਿ-ਭੁਗਤਾਨਾਂ, ਸਹਿ-ਬੀਮਾ ਅਤੇ/ਜਾਂ ਕਟੌਤੀਯੋਗ ਰਕਮ ਤੋਂ ਵੱਧ ਖ਼ਰਚਾ ਨਹੀਂ ਲਿਆ ਜਾਣਾ ਚਾਹੀਦਾ।

## "ਬੈਲੰਸ ਬਿਲਿੰਗ" ਕੀ ਹੈ (ਕਈ ਵਾਰ ਇਸਨੂੰ "ਸਰਪ੍ਰਾਈਜ਼ ਬਿਲਿੰਗ" ਵੀ ਕਿਹਾ ਜਾਂਦਾ ਹੈ)?

ਜਦੋਂ ਤੁਸੀਂ ਕਿਸੇ ਡਾਕਟਰ ਜਾਂ ਹੋਰ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲਦੇ ਹੋ, ਤਾਂ ਹੋ ਸਕਦਾ ਹੈ ਤੁਹਾਨੂੰ ਕੁਝ ਵਿਸ਼ੇਸ਼, ਆਊਟ-ਆਫ਼-ਪਾਕੇਟ ਖ਼ਰਚੇ ਦੇਣੇ ਪੈਣ, ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਜਾਂ ਕੱਟਣਯੋਗ ਰਕਮ। ਜੇ ਤੁਸੀਂ ਕਿਸੇ ਪ੍ਰਦਾਤਾ ਨੂੰ ਮਿਲਦੇ ਹੋ ਜਾਂ ਕਿਸੇ ਅਜਿਹੀ ਸਿਹਤ ਸੰਭਾਲ ਸੁਵਿਧਾ ਕੋਲ ਜਾਂਦੇ ਹੋ ਜੋ ਤੁਹਾਡੀ ਸਿਹਤ ਯੋਜਨਾ ਦੇ ਨੈੱਟਵਰਕ ਵਿੱਚ ਨਹੀਂ ਹੈ ਤਾਂ ਹੋ ਸਕਦਾ ਹੈ ਤੁਹਾਨੂੰ ਵਧੀਕ ਖ਼ਰਚੇ ਪੈਣ ਜਾਂ ਤੁਹਾਨੂੰ ਸਮੁੱਚੇ ਬਿੱਲ ਦਾ ਭੁਗਤਾਨ ਕਰਨਾ ਪਵੇ।

"ਨੈੱਟਵਰਕ-ਤੋਂ-ਬਾਹਰ" ਦਾ ਭਾਵ ਹੈ ਉਹ ਪ੍ਰਦਾਤਾ ਅਤੇ ਸੁਵਿਧਾਵਾਂ ਜਿਨ੍ਹਾਂ ਨੇ ਸੇਵਾਵਾਂ ਪ੍ਰਦਾਨ ਕਰਨ ਲਈ ਤੁਹਾਡੀ ਸਿਹਤ ਯੋਜਨਾ ਦੇ ਨਾਲ ਕਿਸੇ ਇਕਰਾਰਨਾਮੇ 'ਤੇ ਦਸਤਖ਼ਤ ਨਹੀਂ ਕੀਤੇ ਹਨ। ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾਵਾਂ ਨੂੰ ਤੁਹਾਡੀ ਯੋਜਨਾ ਵੱਲੋਂ ਅਦਾ ਕੀਤੀ ਜਾਂਦੀ ਰਕਮ ਅਤੇ ਕਿਸੇ ਸੇਵਾ ਲਈ ਲਿੱਤੀ ਜਾਂਦੀ ਸਮੁੱਚੀ ਰਕਮ ਵਿਚਕਾਰ ਫਰਕ ਲਈ ਤੁਹਾਡੇ ਤੋਂ ਬਿੱਲ ਲੈਣ ਦੀ ਆਗਿਆ ਦਿੱਤੀ ਜਾ ਸਕਦੀ ਹੈ। ਇਸਨੂੰ "**ਬੈਲੰਸ ਬਿਲਿੰਗ**" ਕਿਹਾ ਜਾਂਦਾ ਹੈ। ਇਹ ਰਕਮ ਸੰਭਾਵੀ ਤੌਰ 'ਤੇ ਉਸੇ ਸੇਵਾ ਲਈ ਨੈੱਟਵਰਕ-ਵਿਚਲੀਆਂ ਲਾਗਤਾਂ ਤੋਂ ਵਧੇਰੇ ਹੈ ਅਤੇ ਹੋ ਸਕਦਾ ਹੈ ਇਸਨੂੰ ਤੁਹਾਡੀ ਯੋਜਨਾ ਦੀ ਕਟੌਤੀਯੋਗ ਰਕਮ ਜਾਂ ਸਾਲਾਨਾ ਆਊਟ-ਆਫ-ਪਾਕੇਟ ਸੀਮਾ ਵਿੱਚ ਨਾ ਗਿਣਿਆ ਜਾਵੇ।

"ਸਰਪ੍ਰਾਈਜ਼ ਬਿਲਿੰਗ" ਇੱਕ ਅਚਾਨਕ ਹੋਣ ਵਾਲਾ ਬੈਲੰਸ ਬਿੱਲ ਹੈ। ਇਹ ਉਸ ਸਮੇਂ ਵਾਪਰ ਸਕਦਾ ਹੈ ਜਦੋਂ ਤੁਸੀਂ ਇਸ ਗੱਲ ਨੂੰ ਕੰਟ੍ਰੋਲ ਨਹੀਂ ਕਰ ਸਕਦੇ ਕਿ ਤੁਹਾਡੀ ਸੰਭਾਲ ਵਿੱਚ ਕੌਣ ਸ਼ਾਮਲ ਹੈ—ਜਿਵੇਂ ਕਿ ਜਦੋਂ ਤੁਹਾਨੂੰ ਕੋਈ ਐਮਰਜੈਂਸੀ ਹੁੰਦੀ ਹੈ ਜਾਂ ਜਦੋਂ ਤੁਸੀਂ ਕਿਸੇ ਨੈੱਟਵਰਕ-ਵਿਚਲੀ ਸੁਵਿਧਾ ਵਿਖੇ ਮੁਲਾਕਾਤ ਤੈਅ ਕਰਦੇ ਹੋ ਪਰ ਕਿਸੇ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾ ਦੁਆਰਾ ਅਚਾਨਕ ਇਲਾਜ ਕਰ ਦਿੱਤਾ ਜਾਂਦਾ ਹੈ।

ਆਪਣੀਆਂ ਸਿਹਤ ਸੰਭਾਲ ਦੀਆਂ ਲਾਗਤਾਂ ਬਾਰੇ ਵਧੇਰੀ ਜਾਣਕਾਰੀ ਲਈ QR ਕੋਡ ਨੂੰ ਸਕੈਨ ਕਰੋ।

ਪ੍ਰਕਿਰਿਆ ਜਾਂ ਸੇਵਾ ਦੇ ਅਧਾਰ 'ਤੇ ਸਰਪ੍ਰਾਈਜ਼ ਡਾਕਟਰੀ ਬਿੱਲਾਂ ਦੀ ਕੀਮਤ ਹਜ਼ਾਰਾਂ ਡਾਲਰ ਹੋ ਸਕਦੀ ਹੈ।

## ਤੁਹਾਨੂੰ ਹੇਠਾਂ ਲਈ ਬੈਲੰਸ ਬਿਲਿੰਗ ਤੋਂ ਸੁਰੱਖਿਅਤ ਕੀਤਾ ਜਾਂਦਾ ਹੈ:

### ਐਮਰਜੈਂਸੀ ਸੇਵਾਵਾਂ

ਜੇ ਤੁਹਾਨੂੰ ਕੋਈ ਐਮਰਜੈਂਸੀ ਡਾਕਟਰੀ ਅਵਸਥਾ ਹੁੰਦੀ ਹੈ ਅਤੇ ਤੁਸੀਂ ਕਿਸੇ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾ ਜਾਂ ਹਸਪਤਾਲ ਕੋਲੋਂ ਐਮਰਜੈਂਸੀ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਉਹ ਜ਼ਿਆਦਾ ਤੋਂ ਜ਼ਿਆਦਾ ਤੁਹਾਨੂੰ ਤੁਹਾਡੀ ਯੋਜਨਾ ਦੀ ਨੈੱਟਵਰਕ-ਵਿਚਲੀ ਲਾਗਤ-ਸਾਂਝੀ ਕਰਨ ਵਾਲੀ ਰਕਮ (ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕੱਟਣਯੋਗ ਰਕਮ) ਦਾ ਬਿੱਲ ਭੇਜ ਸਕਦੇ ਹਨ। ਇਹਨਾਂ ਐਮਰਜੈਂਸੀ ਸੇਵਾਵਾਂ ਲਈ ਤੁਹਾਡੇ ਤੋਂ ਬੈਲੰਸ ਬਿੱਲ **ਨਹੀਂ** ਲਿਆ ਜਾ ਸਕਦਾ। ਇਸ ਵਿੱਚ ਉਹ ਸੇਵਾਵਾਂ ਸ਼ਾਮਲ ਹਨ ਜੋ ਤੁਸੀਂ ਇੱਕ ਸਥਿਰ ਅਵਸਥਾ ਵਿੱਚ ਹੋਣ ਦੇ ਬਾਅਦ ਪ੍ਰਾਪਤ ਕਰ ਸਕਦੇ ਹੋ, ਜੱਦ ਤਕ ਤੁਸੀਂ ਲਿਖਤੀ ਸਹਿਮਤੀ ਨਹੀਂ ਦਿੰਦੇ ਅਤੇ ਇਹਨਾਂ ਸਥਿਰਤਾ-ਤੋਂ-ਬਾਅਦ ਦੀਆਂ ਸੇਵਾਵਾਂ ਲਈ ਬੈਲੰਸ ਬਿੱਲ ਨਾ ਕੀਤੇ ਜਾਣ ਲਈ ਆਪਣੀਆਂ ਸੁਰੱਖਿਆਵਾਂ ਨੂੰ ਛੱਡ ਨਹੀਂ ਦਿੰਦੇ ਹੋ। ਜੇ ਤੁਹਾਡਾ ਬੀਮਾ ਆਈਡੀ ਕਾਰਡ "ਪੂਰੀ ਤਰ੍ਹਾਂ ਬੀਮਾਯੁਕਤ ਕਵਰੇਜ਼" ਦਰਸਾਉਂਦਾ ਹੈ, ਤਾਂ ਤੁਸੀਂ ਲਿਖਤੀ ਸਹਿਮਤੀ **ਨਹੀਂ** ਦੇ ਸਕਦੇ ਅਤੇ ਸਥਿਰਤਾ ਦੇ ਬਾਅਦ ਦੀਆਂ ਸੇਵਾਵਾਂ ਲਈ ਬੈਲੰਸ ਬਿੱਲ ਨਾ ਲਏ ਜਾਣ ਲਈ ਆਪਣੀਆਂ ਸੁਰੱਖਿਆਵਾਂ ਨੂੰ ਛੱਡ **ਨਹੀਂ** ਸਕਦੇ ਹੋ।

### ਕਿਸੇ ਨੈੱਟਵਰਕ-ਵਿਚਲੇ ਹਸਪਤਾਲ ਜਾਂ ਐਂਬੂਲੇਟਰੀ ਸਰਜਿਕਲ ਸੈਂਟਰ ਵਿਖੇ ਕੁਝ ਵਿਸ਼ੇਸ਼ ਸੇਵਾਵਾਂ

ਜਦੋਂ ਤੁਸੀਂ ਕਿਸੇ ਨੈੱਟਵਰਕ-ਵਿਚਲੇ ਹਸਪਤਾਲ ਜਾਂ ਐਂਬੂਲੇਟਰੀ ਸਰਜਿਕਲ ਸੈਂਟਰ ਤੋਂ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਕੁਝ ਵਿਸ਼ੇਸ਼ ਪ੍ਰਦਾਤਾ ਨੈੱਟਵਰਕ-ਤੋਂ-ਬਾਹਰ ਹੋ ਸਕਦੇ ਹਨ। ਇਹਨਾਂ ਮਾਮਲਿਆਂ ਵਿੱਚ, ਪ੍ਰਦਾਤਾ ਤੁਹਾਨੂੰ ਜ਼ਿਆਦਾ ਤੋਂ ਜ਼ਿਆਦਾ ਤੁਹਾਡੀ ਯੋਜਨਾ ਦੀ ਨੈੱਟਵਰਕ-ਵਿਚਲੀ ਲਾਗਤ-ਸਾਂਝੀ ਕਰਨ ਵਾਲੀ ਰਕਮ ਦੇ ਬਿੱਲ ਭੇਜ ਸਕਦੇ ਹਨ। ਇਹ ਐਮਰਜੈਂਸੀ ਦਵਾਈ, ਅਸੰਵੇਦਨਤਾ, ਪੈਥੋਲੋਜੀ, ਰੇਡੀਓਲੋਜੀ, ਪ੍ਰਯੋਗਸ਼ਾਲਾ, ਨੀਓਨੈਟੋਲੋਜੀ, ਸਹਾਇਕ ਸਰਜਨ, ਹਸਪਤਾਲ-ਮਾਹਰ, ਅਤੇ ਤੀਬਰਤਾਵਾਦੀ ਸੇਵਾਵਾਂ 'ਤੇ ਲਾਗੂ ਹੁੰਦਾ ਹੈ। ਇਹ ਪ੍ਰਦਾਤਾ ਤੁਹਾਨੂੰ ਬੈਲੰਸ ਬਿੱਲ **ਨਹੀਂ ਕਰ ਸਕਦੇ** ਅਤੇ ਤੁਹਾਨੂੰ ਤੁਹਾਡੀਆਂ ਸੁਰੱਖਿਆਵਾਂ ਨੂੰ ਛੱਡਣ ਲਈ ਬੈਲੰਸ ਬਿੱਲ ਨਾ ਕੀਤੇ ਜਾਣ ਲਈ **ਨਹੀਂ** ਕਹਿ ਸਕਦੇ।

ਜੇ ਇਹਨਾਂ ਨੈੱਟਵਰਕ-ਵਿਚਲੀਆਂ ਸੁਵਿਧਾਵਾਂ ਵਿਖੇ ਤੁਸੀਂ ਹੋਰ ਕਿਸਮਾਂ ਦੀਆਂ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾ ਤੁਹਾਨੂੰ ਬੈਲੰਸ ਬਿੱਲ **ਨਹੀਂ ਕਰ ਸਕਦੇ**, ਜੱਦ ਤਕ ਕਿ ਤੁਸੀਂ ਲਿਖਤੀ ਸਹਿਮਤੀ ਨਹੀਂ ਦਿੰਦੇ ਅਤੇ ਆਪਣੀਆਂ ਸੁਰੱਖਿਆਵਾਂ ਨਹੀਂ ਛੱਡ

ਦਿੰਦੇ। ਜੇ ਤੁਹਾਡਾ ਬੀਮਾ ਆਈਡੀ ਕਾਰਡ "ਪੂਰੀ ਤਰ੍ਹਾਂ ਬੀਮਾਯੁਕਤ ਕਵਰੇਜ" ਦਰਸਾਉਂਦਾ ਹੈ, ਤਾਂ ਤੁਸੀਂ ਇਹਨਾਂ ਹੋਰ ਸੇਵਾਵਾਂ ਲਈ ਆਪਣੀਆਂ ਸੁਰੱਖਿਆਵਾਂ **ਨਹੀਂ** ਛੱਡ ਸਕਦੇ ਜੇਕਰ ਉਹ ਸਰਪ੍ਰਾਈਜ਼ ਬਿੱਲ ਹੁੰਦੇ ਹਨ। ਸਰਪ੍ਰਾਈਜ਼ ਬਿੱਲ ਉਦੋਂ ਹੁੰਦੇ ਹਨ ਜਦੋਂ ਤੁਸੀਂ ਕਿਸੇ ਨੈੱਟਵਰਕ-ਵਿਚਲੇ ਹਸਪਤਾਲ ਜਾਂ ਐਂਬੂਲੇਟਰੀ ਸਰਜਿਕਲ ਸੁਵਿਧਾ ਵਿਖੇ ਹੁੰਦੇ ਹੋ ਅਤੇ ਕੋਈ ਭਾਗੀਦਾਰੀ ਕਰਨ ਵਾਲਾ ਡਾਕਟਰ ਉਪਲਬਧ ਨਹੀਂ ਹੁੰਦਾ, ਇੱਕ ਗੈਰ-ਭਾਗੀਦਾਰੀ ਕਰਨ ਵਾਲੇ ਡਾਕਟਰ ਨੇ ਤੁਹਾਡੀ ਜਾਣਕਾਰੀ ਤੋਂ ਬਿਨਾਂ ਸੇਵਾਵਾਂ ਪ੍ਰਦਾਨ ਕੀਤੀਆਂ, ਜਾਂ ਅਣਖਿਆਲੀ ਡਾਕਟਰੀ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਸਨ।

## ਤੁਹਾਡੇ ਨੈੱਟਵਰਕ ਵਿਚਲੇ ਡਾਕਟਰ ਦੁਆਰਾ ਸਿਫਾਰਿਸ਼ ਕੀਤੀਆਂ ਸੇਵਾਵਾਂ

ਜੇ ਤੁਹਾਡਾ ਬੀਮਾ ਆਈਡੀ ਕਾਰਡ "ਪੂਰੀ ਤਰ੍ਹਾਂ ਬੀਮਾਯੁਕਤ ਕਵਰੇਜ" ਦਰਸਾਉਂਦਾ ਹੈ, ਤਾਂ ਸਰਪ੍ਰਾਈਜ਼ ਬਿੱਲਾਂ ਵਿੱਚ ਇਹ ਉਦੋਂ ਸ਼ਾਮਲ ਹੁੰਦਾ ਹੈ ਜਦੋਂ ਤੁਹਾਡਾ ਨੈੱਟਵਰਕ-ਵਿਚਲਾ ਡਾਕਟਰ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਨੂੰ ਕਿਸੇ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾ ਕੋਲ ਭੇਜਦਾ ਹੈ (ਜਿਸ ਵਿੱਚ ਲੈਬ ਅਤੇ ਪੈਥੋਲੋਜੀ ਸੇਵਾਵਾਂ ਵੀ ਸ਼ਾਮਲ ਹਨ)। ਇਹ ਪ੍ਰਦਾਤਾ ਤੁਹਾਨੂੰ ਬੈਲੰਸ ਬਿੱਲ **ਨਹੀਂ** ਕਰ ਸਕਦੇ ਅਤੇ ਤੁਹਾਨੂੰ ਤੁਹਾਡੀਆਂ ਸੁਰੱਖਿਆਵਾਂ ਨੂੰ ਛੱਡਣ ਲਈ ਬੈਲੰਸ ਬਿੱਲ ਨਾ ਕੀਤੇ ਜਾਣ ਲਈ **ਨਹੀਂ** ਕਹਿ ਸਕਦੇ। ਭੁਗਤਾਨ ਕਰਨ ਲਈ ਬਿੱਲ ਦੀ ਸੰਪੂਰਨ ਸੁਰੱਖਿਆ ਲਈ ਤੁਹਾਨੂੰ ਇੱਕ ਫਾਰਮ 'ਤੇ ਦਸਤਖ਼ਤ ਕਰਨ ਦੀ ਲੋੜ ਪੈ ਸਕਦੀ ਹੈ (ਜੋ ਵਿੱਤੀ ਸੇਵਾਵਾਂ ਵਿਭਾਗ ਦੀ ਵੈੱਬਸਾਈਟ 'ਤੇ ਉਪਲਬਧ ਹੈ)।

**ਤੁਹਾਨੂੰ ਕਦੇ ਵੀ ਬੈਲੰਸ ਬਿਲਿੰਗ ਤੋਂ ਆਪਣੀਆਂ ਸੁਰੱਖਿਆਵਾਂ ਨੂੰ ਛੱਡਣ ਦੀ ਲੋੜ ਨਹੀਂ ਹੁੰਦੀ। ਤੁਹਾਨੂੰ ਨੈੱਟਵਰਕ-ਤੋਂ-ਬਾਹਰੀ ਦੇਖਭਾਲ ਪ੍ਰਾਪਤ ਕਰਨ ਦੀ ਵੀ ਲੋੜ ਨਹੀਂ ਹੁੰਦੀ ਹੈ। ਤੁਸੀਂ ਆਪਣੀ ਯੋਜਨਾ ਦੇ ਨੈੱਟਵਰਕ ਵਿੱਚ ਕਿਸੇ ਪ੍ਰਦਾਤਾ ਜਾਂ ਸੁਵਿਧਾ ਦੀ ਚੋਣ ਕਰ ਸਕਦੇ ਹੋ।**

## ਜਦੋਂ ਬੈਲੰਸ ਬਿਲਿੰਗ ਦੀ ਇਜਾਜ਼ਤ ਨਹੀਂ ਹੁੰਦੀ, ਤਾਂ ਤੁਹਾਡੇ ਕੋਲ ਇਹ ਸੁਰੱਖਿਆਵਾਂ ਵੀ ਹੁੰਦੀਆਂ ਹਨ:

- ਤੁਸੀਂ ਸਿਰਫ਼ ਲਾਗਤ ਦੇ ਆਪਣੇ ਹਿੱਸੇ ਦਾ ਭੁਗਤਾਨ ਕਰਨ ਲਈ ਹੀ ਜਿੰਮੇਵਾਰ ਹੋ (ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀਯੋਗ ਰਕਮਾਂ ਜੋ ਤੁਸੀਂ ਅਦਾ ਕਰੋਗੇ ਜੇ ਪ੍ਰਦਾਤਾ ਜਾਂ ਸੁਵਿਧਾ ਨੈੱਟਵਰਕ ਦੇ ਅੰਦਰ ਹੋਣ)। ਤੁਹਾਡੀ ਸਿਹਤ ਯੋਜਨਾ ਕਿਸੇ ਵੀ ਵਧੀਕ ਖ਼ਰਚਿਆਂ ਦਾ ਭੁਗਤਾਨ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾਵਾਂ ਅਤੇ ਸੁਵਿਧਾਵਾਂ ਨੂੰ ਸਿੱਧੇ ਤੌਰ 'ਤੇ ਕਰੇਗੀ।
- ਆਮਤੌਰ ਤੇ, ਤੁਹਾਡੀ ਸਿਹਤ ਯੋਜਨਾ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:
  - ਤੁਹਾਨੂੰ ਸੇਵਾਵਾਂ ਵਾਸਤੇ ਅਗਾਊਂ ਮਨਜ਼ੂਰੀ (ਜਿਸਨੂੰ "ਅਗਾਊਂ ਅਧਿਕਾਰਕਤਾ" ਵਜੋਂ ਵੀ ਜਾਣਿਆ ਜਾਂਦਾ ਹੈ) ਲੈਣ ਦੀ ਲੋੜ ਤੋਂ ਬਗੈਰ ਐਮਰਜੈਂਸੀ ਸੇਵਾਵਾਂ ਨੂੰ ਕਵਰ ਕਰਨਾ।
  - ਨੈੱਟਵਰਕ-ਤੋਂ-ਬਾਹਰੀ ਪ੍ਰਦਾਤਾਵਾਂ ਦੁਆਰਾ ਐਮਰਜੈਂਸੀ ਸੇਵਾਵਾਂ ਨੂੰ ਕਵਰ ਕਰਨਾ।
  - ਇਸ ਗੱਲ 'ਤੇ ਅਧਾਰਿਤ ਕਰੋ ਕਿ ਪ੍ਰਦਾਤਾ ਜਾਂ ਸੁਵਿਧਾ ਨੂੰ ਤੁਹਾਡਾ ਜੋ ਬਕਾਇਆ ਹੈ (ਲਾਗਤ-ਸਾਂਝਾ ਕਰਨਾ) ਉਸ ਤੇ ਇਹ ਕਿਸੇ ਨੈੱਟਵਰਕ-ਵਿਚਲੇ ਪ੍ਰਦਾਤਾ ਜਾਂ ਸੁਵਿਧਾ ਨੂੰ ਭੁਗਤਾਨ ਕਰੇਗਾ ਅਤੇ ਲਾਭਾਂ ਦੇ ਤੁਹਾਡੇ ਸਪੱਸ਼ਟੀਕਰਨ ਵਿੱਚ ਉਸ ਰਕਮ ਨੂੰ ਦਿਖਾਓ।
  - ਐਮਰਜੈਂਸੀ ਸੇਵਾਵਾਂ ਜਾਂ ਨੈੱਟਵਰਕ-ਤੋਂ-ਬਾਹਰੀ ਸੇਵਾਵਾਂ ਲਈ ਤੁਹਾਡੇ ਵੱਲੋਂ ਅਦਾ ਕੀਤੀ ਜਾਂਦੀ ਕਿਸੇ ਵੀ ਰਕਮ ਨੂੰ ਤੁਹਾਡੀ ਨੈੱਟਵਰਕ-ਵਿੱਚ ਕਟੌਤੀਯੋਗ ਅਤੇ ਆਊਟ-ਆਫ-ਪਾਕੇਟ ਸੀਮਾ ਵਿੱਚ ਗਿਣੋ।

**ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਗਲਤ ਬਿੱਲ ਕੀਤਾ ਗਿਆ ਹੈ ਅਤੇ ਤੁਹਾਡੀ ਕਵਰੇਜ ਨਿਊ ਯਾਰਕ ਦੇ ਕਾਨੂੰਨ** ("ਪੂਰੀ ਤਰ੍ਹਾਂ ਬੀਮਾਯੁਕਤ ਕਵਰੇਜ") ਦੇ ਅਧੀਨ ਹੈ ਤਾਂ ਤੁਸੀਂ NYC Health + Hospitals ਨੂੰ 1-844-692-4692 'ਤੇ ਕਾਲ ਕਰ ਸਕਦੇ ਹੋ ਅਤੇ ਸਾਨੂੰ ਇਹ ਦੱਸ ਸਕਦੇ ਹੋ ਕਿ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਨੂੰ ਗਲਤ ਬਿੱਲ ਕੀਤਾ ਗਿਆ ਸੀ।

ਜੇ ਅਸੀਂ ਤੁਹਾਡੀ ਸਿੱਧੇ ਤੌਰ 'ਤੇ ਸਹਾਇਤਾ ਕਰਨ ਦੇ ਅਯੋਗ ਹਾਂ, ਤਾਂ ਤੁਸੀਂ ਵਿੱਤੀ ਸੇਵਾਵਾਂ ਦੇ ਨਿਊ ਯਾਰਕ ਸਟੇਟ ਵਿਭਾਗ ਨਾਲ 1-800-342-3736 'ਤੇ ਜਾਂ surprisemedicalbills@dfs.ny.gov 'ਤੇ ਸੰਪਰਕ ਕਰ ਸਕਦੇ ਹੋ। ਰਾਜ ਦੇ ਕਾਨੂੰਨ ਅਧੀਨ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਲਈ www.dfs.ny.gov 'ਤੇ ਜਾਓ।

ਸਵੈ-ਫ਼ੰਡ ਸਹਾਇਤਾ ਪ੍ਰਾਪਤ ਕਵਰੇਜ ਜਾਂ ਨਿਊ ਯਾਰਕ ਤੋਂ ਬਾਹਰ ਖਰੀਦੀ ਕਵਰੇਜ ਲਈ CMS ਨਾਲ 1-800-985-3059 'ਤੇ ਸੰਪਰਕ ਕਰੋ। ਸੰਘੀ ਕਾਨੂੰਨ ਦੇ ਤਹਿਤ ਤੁਹਾਡੇ ਅਧਿਕਾਰਾਂ ਬਾਰੇ ਜਾਣਕਾਰੀ ਲਈ www.cms.gov/nosurprises/consumers 'ਤੇ ਜਾਓ।